


# ਔਰਤਾਂ ਅਤੇ ਐੱਚ ਆਈ ਵੀ (HIV)

### ਐੱਚ ਆਈ ਵੀ (HIV) ਦੀਆਂ ਬਿਮਾਰ ਔਰਤਾਂ ਉੱਤੇ ਕਿਹੜੀਆਂ ਇਲਾਮਤਾਂ ਅਸਰ ਪਾਉਂਦੀਆਂ ਹਨ?

ਜਿਹੜੀਆਂ ਇਲਾਮਤਾਂ ਐੱਚ ਆਈ ਵੀ (HIV) ਦੇ ਬਿਮਾਰ ਪੁਰਸ਼ਾਂ ਵਿੱਚ ਮਿਲਦੀਆਂ ਹਨ ਓਹੋ ਹੀ ਇਲਾਮਤਾਂ ਔਰਤਾਂ ਵਿੱਚ ਹੁੰਦੀਆਂ ਹਨ। ਇਸ ਤੋਂ ਇਲਾਵਾ, ਐੱਚ ਆਈ ਵੀ/ਏਡਜ਼ (HIV/Aids) ਨਾਲ ਸੰਬੰਧਤ ਹਾਲਤਾਂ ਸਿਰਫ਼ ਔਰਤਾਂ ਦੀ ਸੂਰਤ ਵਿੱਚ ਹੀ ਅਸਰ ਪਾਉਂਦੀਆਂ ਹਨ। ਇਨ੍ਹਾਂ ਵਿੱਚ ਮਾਹਵਾਰੀ ਸੰਬੰਧੀ ਸਮੱਸਿਆਵਾਂ, ਯੋਨੀ ਦੀ ਲਾਗ ਅਤੇ ਬੱਚੇਦਾਨੀ ਦੀ ਗਰਦਨ (cervix) ਨੂੰ ਅਕਸਰ ਲੱਗਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਬੱਚੇਦਾਨੀ ਦੀ ਗਰਦਨ (cervix) ਦਾ ਅਸਧਾਰਨ ਵਾਧਾ (cervical dysplasia) ਅਤੇ ਸਰਵੀਕਲ ਕੈਂਸਰ ਸ਼ਾਮਲ ਹੁੰਦੀਆਂ ਹਨ।

ਐੱਚ ਆਈ ਵੀ (HIV) ਦੀਆਂ ਦਵਾਈਆਂ ਦਾ ਪ੍ਰਭਾਵ ਪੁਰਸ਼ਾਂ ਦੀ ਨਿਸਬਤ ਔਰਤਾਂ ਉੱਪਰ ਵੱਖਰੀ ਤਰ੍ਹਾਂ ਪੈਂਦਾ ਹੈ। ਇਸ ਤੋਂ ਇਲਾਵਾ, ਗਰਭ ਅਤੇ ਬੱਚੇ ਦੀ ਸਾਂਭ ਸੰਭਾਲ ਕਾਰਨ ਐੱਚ ਆਈ ਵੀ (HIV) ਦੀਆਂ ਬਿਮਾਰ ਔਰਤਾਂ ਬਾਰੇ ਨਵੇਕਲੇ ਸਰੋਕਾਰ ਹੁੰਦੇ ਹਨ।

### ਮਾਹਵਾਰੀ ਦੀਆਂ ਸਮੱਸਿਆਵਾਂ

- ਐੱਚ ਆਈ ਵੀ (HIV) ਦੀਆਂ ਬਿਮਾਰ ਔਰਤਾਂ ਦੇ ਮਾਹਵਾਰੀ (ਪਿਰੀਅਡ) ਵਿੱਚ ਤਬਦੀਲੀਆਂ ਵਾਪਰ ਸਕਦੀਆਂ ਹਨ। ਔਰਤਾਂ ਨੂੰ ਬੇਨੇਮੇਂ ਸਾਈਕਲਜ਼ (ਮਾਹਵਾਰੀ ਦੀ ਮਿਆਦ), ਭਾਰੀ ਜਾਂ ਹਲਕ ਹਲਕਾ ਖ਼ੂਨ ਦਾ ਨਿਕਾਸ ਜਾਂ ਮਾਹਵਾਰੀ ਦੇ ਬੰਦ ਹੋ ਜਾਣ ਦੀ ਸਥਿਤੀ ਵਿੱਚੋਂ ਗੁਜ਼ਰਨਾ ਪੈ ਸਕਦਾ ਹੈ।
- ਇਸ ਤੋਂ ਇਲਾਵਾ, ਐੱਚ ਆਈ ਵੀ (HIV) ਦੀਆਂ ਬਿਮਾਰ ਔਰਤਾਂ ਨੂੰ ਪੀ ਐਮ ਐੱਸ (PMS) ਮਾਹਵਾਰੀ ਤੋਂ 2 ਤੋਂ ਲੈ ਕੇ 14 ਦਿਨ ਪਹਿਲਾਂ ਵਾਪਰਨ ਵਾਲੀਆਂ ਇਲਾਮਤਾਂ ਵਿੱਚੋਂ ਗੁਜ਼ਰਨਾ ਪੈ ਸਕਦਾ ਹੈ।

ਇਹ ਤਬਦੀਲੀਆਂ ਸਿੱਧੇ ਤੌਰ ਤੇ ਐੱਚ ਆਈ ਵੀ (HIV) ਦੀ ਲਾਗ ਨਾਲ ਸੰਬੰਧਤ ਹੋ ਸਕਦੀਆਂ ਹਨ ਅਤੇ ਨਹੀਂ ਵੀ। ਕਈ ਹੋਰ ਕਾਰਨ, ਜਿਵੇਂ ਕਿ ਲੰਮੇ ਸਮੇਂ ਲਈ ਤਣਾਅ ਦੀ ਹਾਲਤ ਵਿੱਚ ਹੋਣਾ, ਭਾਰ ਦਾ ਕਾਫ਼ੀ ਘਟ ਜਾਣਾ, ਲੰਮੇ ਸਮੇਂ ਲਈ ਨਸ਼ੇ ਕਰਨ, ਗਰਭ ਅਵੱਸਥਾ ਵਿੱਚ ਹੋਣਾ, ਅਤੇ ਦਾਇਮੀ ਬਿਮਾਰੀਆਂ ਜਾਂ ਦਵਾਈਆਂ ਦੀ ਬਾਕਾਇਦਾ ਵਰਤੋਂ ਵੀ ਮਾਹਵਾਰੀ ਦੀ ਮਿਆਦ ਵਿੱਚ ਅਜਿਹੀਆਂ ਤਬਦੀਲੀ ਲਿਆ ਸਕਦੀ ਹੈ। ਜੇ ਤੁਹਾਨੂੰ ਅਜਿਹੀਆਂ ਸਮੱਸਿਆਵਾਂ ਵਿੱਚੋਂ ਕੋਈ ਪੇਸ਼ ਆਵੇ ਤਾਂ ਇਸ ਬਾਰੇ ਤੁਹਾਡੇ ਫ਼ੈਮਲੀ ਡਾਕਟਰ ਵੱਲੋਂ ਜਾਂ ਔਰਤਾਂ ਦੇ ਰੋਗਾਂ ਦੇ ਮਾਹਰ (ਗਾਈਨਕਾਲੋਜਿਸਟ, ਡਾਕਟਰ ਜੋ ਬੱਚੇ ਨੂੰ ਜਨਮ ਦੇਣ ਨਾਲ ਸੰਬੰਧਤ ਔਰਤਾਂ ਦੀ ਸੇਹਤ ਦਾ ਮਾਹਰ ਹੋਵੇ) ਵੱਲੋਂ ਮੁਆਇਨਾ ਕਰਵਾਉਣਾ ਜ਼ਰੂਰੀ ਹੈ।

### ਯੋਨੀ ਦੀ ਲਾਗ

ਐੱਚ ਆਈ ਵੀ (HIV) ਦੀਆਂ ਬਿਮਾਰ ਔਰਤਾਂ ਵਿੱਚ ਯੋਨੀ ਨੂੰ ਲੱਗਣ ਵਾਲੀਆਂ ਲਾਗਾਂ, ਖ਼ਾਸ ਕਰ ਖ਼ਮੀਰੀ ਝੱਗ (yeast) ਦੀ ਲਾਗ ਅਕਸਰ ਪਾਈ ਜਾਂਦੀ ਹੈ। ਕਮਜ਼ੋਰ ਹੋ ਚੁਕੇ ਬਚਾਅ ਕਰਨ ਦੇ ਸਿਸਟਮ (ਇੰਮੀਊਨ ਸਿਸਟਮ) ਕਾਰਨ ਇਹ ਲਾਗਾਂ ਬਾਰ ਬਾਰ ਲੱਗਦੀਆਂ ਰਹਿੰਦੀਆਂ ਹਨ ਇਸ ਕਰ ਕੇ ਇਨ੍ਹਾਂ ਨਾਲ ਆਮ ਨਾਲੋਂ ਵੱਧ ਜ਼ੋਰਦਾਰ ਇਲਾਜ ਰਾਹੀਂ ਨਜਿੱਠਣ ਦੀ ਲੋੜ ਹੁੰਦੀ ਹੈ।

### ਸਰਵੀਕਲ ਡਿਸਪਲਾਸੀਆ (Cervical dysplasia)

ਅਜਿਹੀਆਂ ਔਰਤਾਂ ਜਿੰਨ੍ਹਾਂ ਨੂੰ ਐੱਚ ਆਈ ਵੀ (HIV) ਯਕੀਨੀ ਤੌਰ ਤੇ ਲੱਗੀ ਹੋਵੇ ਦੀ ਬੱਚੇਦਾਨੀ ਦੀ ਗਰਦਨ ਦੇ ਸੈੱਲਾਂ ਵਿੱਚ ਅਸਧਾਰਨ ਵਾਧਾ ਜਾਂ ਤਬਦੀਲੀ ਅਕਸਰ ਵਾਪਰਦੀ ਹੈ। ਇਸ ਨੂੰ ਕੈਂਸਰ ਲੱਗਣ ਤੋਂ ਪਹਿਲਾਂ ਦੀ ਹਾਲਤ ਕਿਹਾ ਜਾਂਦਾ ਹੈ ਅਤੇ ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਸ ਨਾਲ ਸਰਵੀਕਲ ਕੈਂਸਰ (ਬੱਚੇਦਾਨੀ ਦੀ ਕੈਂਸਰ) ਬਣ ਸਕਦੀ ਹੈ। ਖ਼ੁਸ਼ਕਿਸਮਤੀ ਨਾਲ ਸਰਵੀਕਲ ਡਿਸਪਲਾਸੀਆ (Cervical dysplasia) ਅਤੇ ਸਰਵੀਕਲ ਕੈਂਸਰ ਨੂੰ ਰੋਕਿਆ ਜਾ ਸਕਦਾ ਹੈ। ਇਨ੍ਹਾਂ ਹਾਲਤਾਂ ਦਾ ਪਤਾ ਕਰਨ ਵਾਸਤੇ ਬਾਕਾਇਦਗੀ ਨਾਲ ਪੈੱਪ ਸਮੀਅਰ (ਬੱਚੇਦਾਨੀ ਦੇ ਨਿਕਾਸ ਵਿੱਚੋਂ ਲਿਆ ਨਮੂਨਾ) ਕਰਵਾਉਣ ਨਾਲ ਤੁਸੀਂ ਸਮੇਂ ਸਿਰ ਇਲਾਜ ਸ਼ੁਰੂ ਕਰ ਸਕੋਗੇ।



ASAAP
ALLIANCE FOR SOUTH ASIAN AIDS PREVENTION
www.asaap.ca

CATIE
Canadian AIDS Treatment Information Exchange
Réseau canadien d'info-traitements sida
www.catie.ca

## ਐੱਚ ਆਈ ਵੀ (HIV) ਲਈ ਡਰੱਗਾਂ ਦੇ ਅਸਰ

ਐੱਚ ਆਈ ਵੀ (HIV) ਲਈ ਦਵਾਈਆਂ ਦੀ ਪ੍ਰਭਾਵੀ ਮਿਲਵੀਂ ਵਰਤੋਂ ਤੁਹਾਡੇ ਸਰੀਰ ਅੰਦਰ ਵਾਇਰਸ ( ਤੁਹਾਡੇ ਵਾਇਰਲ ਲੋਡ੍ਹ) ਦੀ ਮਾਤਰਾ ਨੂੰ ਘਟਾਉਣ ਅਤੇ ਬਚਾਅ ਕਰਨ ਦੇ ਸਿਸਟਮ (ਇੰਮੀਊਨ ਸਿਸਟਮ) ਨੂੰ ਬਲਵਾਨ ਬਣਾਅ ਕੇ ਲਾਗ ਵਿਰੁੱਧ ਲੜਣ ਲਈ ਤੁਹਾਡੇ ਸਰੀਰ ਦੀ ਯੋਗਤਾ ਨੂੰ ਬਹਿਤਰ ਬਣਾਉਂਦੀ ਹੈ। ਇਸ ਨਾਲ ਅਕਸਰ ਲਾਗ ਲੱਗਣ ਅਤੇ ਐੱਚ ਆਈ ਵੀ (HIV) ਨਾਲ ਸੰਬੰਧਤ ਇਲਾਮਤਾਂ, ਸਮੇਤ ਮਾਹਵਾਰੀ ਦੀਆਂ ਸਮੱਸਿਆਵਾਂ, ਮੁੜ ਮੁੜ ਲੱਗਦੀਆਂ ਯੋਨੀ ਦੀਆਂ ਲਾਗਾਂ ਅਤੇ ਬੱਚੇਦਾਨੀ ਦੀ ਗਰਦਨ (cervix) ਦੇ ਅਸਧਾਰਨ ਵਾਧੇ (cervical dysplasia) ਦਾ ਖ਼ਤਰਾ ਘਟਦਾ ਹੈ।

ਦੂਜੇ ਪਾਸੇ, ਪੁਰਸ਼ਾਂ ਦੇ ਮੁਕਾਬਲੇ ਔਰਤਾਂ ਉੱਤੇ ਐੱਚ ਆਈ ਵੀ (HIV) ਵਿਰੁੱਧ ਦਵਾਈਆਂ ਦੇ ਮੰਦੇ ਅਸਰ ਵੱਖਰੀ ਤਰ੍ਹਾਂ ਪੈ ਸਕਦੇ ਹਨ, ਅਤੇ ਕਈਆਂ ਨੂੰ ਵੱਖ ਤਰ੍ਹਾਂ ਦੀਆਂ (ਦਵਾਈ ਦੀਆਂ) ਖ਼ੁਰਾਕਾਂ ਲੈਣ ਦੀ ਲੋੜ ਪੈ ਸਕਦੀ ਹੈ। ਪਰੋਟੋਜ਼ ਇਨਹਿਬੇਟਰਜ਼ (protease inhibitors) ਲੈਣ ਵਾਲੀਆਂ ਔਰਤਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਸਰੀਰ ਦੀ ਬਣਤਰ ਵਿੱਚ, ਖ਼ਾਸ ਕਰ ਛਾਤੀ ਵਿੱਚ ਅਤੇ ਕਮਰ ਦੇ ਆਕਾਰ ਵਿੱਚ ਵਾਧਾ ਹੋਣ ਦੀਆਂ ਤਬਦੀਲੀਆਂ ਵਾਪਰਦੀਆਂ ਹਨ। ਇਸ ਤੋਂ ਇਲਾਵਾ, ਐੱਚ ਆਈ ਵੀ (HIV) ਲਈ ਕਈ ਦਵਾਈਆਂ ਸੰਤਾਨ ਸੰਜਮ ਵਾਸਤੇ ਲਈਆਂ ਜਾਂਦੀਆਂ ਗੋਲੀਆਂ ਉੱਤੇ ਵੀ ਅਸਰ ਪਾ ਸਕਦੀਆਂ ਹਨ। ਯਕੀਨੀ ਬਣਾਓ ਕਿ ਤੁਹਾਡੇ ਵੱਲੋਂ ਨੁਸਖ਼ੇ ਅਤੇ ਗ਼ੈਰ-ਨੁਸਖ਼ੇ ਦੇ ਲੈਂਈਆਂ ਜਾਂਦੀਆਂ ਸਾਰੀਆਂ ਦਵਾਈਆਂ ਦੇ, ਸਮੇਤ ਸੰਤਾਨ ਸੰਜਮ ਦੀਆਂ ਗੋਲ਼ੀਆਂ, ਸਪਲੇਮੈਂਟਸ ਅਤੇ ਜੜੀਆਂ ਬੂਟੀਆਂ ਦੇ, ਅਸਰਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।

## ਗਰਭ ਸੰਬੰਧੀ ਚਿੰਤਾਵਾਂ

ਐੱਚ ਆਈ ਵੀ (HIV) ਦੇ ਬਿਮਾਰ ਹੋਣ ਦਾ ਭਾਵ ਇਹ ਨਹੀਂ ਹੁੰਦਾ ਕਿ ਤੁਸੀਂ ਬੱਚੇ ਨਹੀਂ ਪੈਦਾ ਕਰ ਸਕਦੇ। ਇਸ ਦਾ ਇਹ ਵੀ ਭਾਵ ਨਹੀਂ ਹੁੰਦਾ ਕਿ ਤੁਹਾਡੇ ਬੱਚੇ ਨੂੰ ਵੀ ਜ਼ਰੂਰ ਐੱਚ ਆਈ ਵੀ (HIV) ਹੋਵੇਗੀ। ਗਰਭ ਅਵੱਸਥਾ ਦੌਰਾਨ ਅਤੇ/ਜਾਂ ਬੱਚੇ ਦੇ ਪੈਦਾ ਹੋਣ ਸਮੇਂ ਕੀਤੇ ਜਾਣ ਵਾਲੇ ਇਲਾਜ ਮੌਜੂਦ ਹਨ ਜੋ ਤੁਹਾਡੇ ਬੱਚੇ ਨੂੰ ਐੱਚ ਆਈ ਵੀ (HIV) ਦੀ ਲਾਗ ਲੱਗਣ ਦੇ ਖ਼ਤਰੇ ਨੂੰ ਘਟਾਅ ਸਕਦੇ ਹਨ। ਕਿਰਪਾ ਕਰ ਕੇ ਯਕੀਨੀ ਬਣਾਓ ਕਿ ਤੁਸੀਂ ਇਨ੍ਹਾਂ ਚਿੰਤਾਵਾਂ ਬਾਰੇ ਆਪਣੇ ਡਾਕਟਰ ਅਤੇ ਦਾਈ ਨਾਲ ਗੱਲ ਬਾਤ ਕਰੋ।

ਮਾਂ ਵੱਲੋਂ ਬੱਚਿਆਂ ਨੂੰ ਛਾਤੀ ਦਾ ਦੁੱਧ ਪਿਆਉਣ ਨਾਲ ਐੱਚ ਆਈ ਵੀ (HIV) ਲੱਗ ਸਕਦੀ ਹੈ, ਇਸ ਲਈ ਐੱਚ ਆਈ ਵੀ (HIV) ਦੀਆਂ ਬਿਮਾਰ ਔਰਤਾਂ ਵੱਲੋਂ ਛਾਤੀ ਦਾ ਦੁਧ ਪਿਆਉਣ ਦੀ ਸਫ਼ਾਰਸ਼ ਨਹੀਂ ਕੀਤੀ ਜਾਂਦੀ।



ਖ਼ਾਸ ਡਾਕਟਰੀ ਇਲਾਜਾਂ ਲਈ ਫ਼ੈਸਲੇ ਅਜਿਹੇ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਕਰ ਕੇ ਕੀਤੇ ਜਾਣੇ ਚਾਹੀਦੇ ਹਨ ਜੋ ਐੱਚ ਆਈ ਵੀ (HIV) ਨਾਲ ਸੰਬੰਧਤ ਬਿਮਾਰੀਆਂ ਅਤੇ ਵਿਚਾਰ ਅਧੀਨ ਇਲਾਜਾਂ ਬਾਰੇ ਜਾਣਕਾਰੀ ਰੱਖਦੇ ਹੋਣ।

ਐੱਚ ਆਈ ਵੀ/ਏਡਜ਼ (HIV/AIDS) ਦੇ ਅਜਿਹੇ ਬਿਮਾਰ ਲੋਕ ਜੋ ਦੇਖ-ਭਾਲ ਪਰਦਾਨ ਕਰਨ ਵਾਲਿਆਂ ਨਾਲ ਮਿਲ ਕੇ ਆਪਣੀ ਸੇਹਤ ਦੀ ਸੰਭਾਲ ਕਰਨਾ ਚਾਹੁੰਦੇ ਹੋਣ ਦੀ ਮਦਦ ਕਰਨ ਲਈ ਕਨੇਡੀਅਨ ਐਡਜ਼ ਟਰੀਟਮੈਂਟ ਇੰਨਫ਼ਰਮੇਸ਼ਨ ਐਕਸਚੇਂਜ (Canadian AIDS Treatment Information Exchange) (CATIE) ਅਤੇ ਅਲਾਇਐਂਸ ਫ਼ਾਰ ਸਾਊਥ ਏਸ਼ੀਅਨ ਏਡਜ਼ ਪਰੀਵੈਨਸ਼ਨ (ASAAP) ਨੇਕ ਨੀਤੀ ਨਾਲ ਉਨ੍ਹਾਂ ਨੂੰ ਜਾਣਕਾਰੀ ਦੇ ਸਾਧਨ ਮੁਹੱਈਆ ਕਰਦੇ ਹਨ। ਫ਼ਿਰ ਵੀ, ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਡਾਕਟਰੀ ਮਸ਼ਵਰਾ ਨਹੀਂ ਮੰਨਿਆ ਜਾਂਦਾ। ਅਸੀਂ ਕਿਸੇ ਖ਼ਾਸ ਇਲਾਜ ਦੀ ਸਿਫ਼ਾਰਸ਼ ਜਾਂ ਵਕਾਲਤ ਨਹੀਂ ਕਰਦੇ ਅਤੇ ਅਸੀਂ (ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਬੇਣਤੀ ਕਰਦੇ ਹਾਂ ਕਿ ਉਹ ਜਿੱਥੋਂ ਤੀਕ ਹੋ ਸਕੇ ਵੱਧ ਤੋਂ ਵੱਧ ਸਾਧਨਾਂ ਨਾਲ ਸੰਪਰਕ ਕਰਨ।(ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਅਸੀਂ ਜ਼ੋਰਦਾਰ ਬੇਣਤੀ ਕਰਦੇ ਹਾਂ ਕਿ ਉਹ ਡਾਕਟਰੀ ਨਾਲ ਸੰਬੰਧਤ ਮਾਮਲੇ ਬਾਰੇ ਫ਼ੈਸਲਾ ਕਰਨ, ਵਰਤਣ ਜਾਂ ਕਾਰਵਾਈ ਕਰਨ ਤੋਂ ਪਹਿਲਾਂ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰਨ।

ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਦੇ ਠੀਕ ਅਤੇ ਮੁਕੰਮਲ ਹੋਣ ਬਾਰੇ ਅਸੀਂ ਗਰੰਟੀ ਨਹੀਂ ਕਰਦੇ। ਇਸ ਉੱਤੇ ਨਿਰਭਰ ਕਰਦੇ (ਜਾਣਕਾਰੀ ਦੀ) ਵਰਤੋਂ ਕਰਨ ਵਾਲੇ ਵਿਅਕਤੀ ਖ਼ਤਰੇ ਲਈ ਆਪ ਜ਼ਿੰਮੇਵਾਰ ਹੋਣਗੇ। ਅਜਿਹੀ ਜਾਣਕਾਰੀ ਦੀ ਵਰਤੋਂ ਜਾਂ ਦੁਰਵਰਤੋਂ ਦੇ ਨਤੀਜੇ ਦੇ ਤੌਰ ਤੇ ਹੋਈ ਹਾਨੀ ਲਈ ਨਾਂ ਤਾਂ ਸੀ ਏ ਟੀ ਆਈ ਈ (CATIE) ਨਾਂ ਹੀ ਏ ਐੱਸ ਏ ਏ ਪੀ (ASAAP) ਨਾ ਹੀ ਕਨੇਡਾ ਦੀ ਪਬਲਿਕ ਹੈਲਥ ਏਜੰਸੀ, ਨਾ ਹੀ ਉਨ੍ਹਾਂ ਦੇ ਕਰਮਚਾਰੀਆਂ, ਡਾਇਰੈਕਟਰਾਂ, ਅਫ਼ਸਰਾਂ ਜਾਂ ਵਲੰਟੀਅਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇਥੇ ਪਰਗਟ ਕੀਤੇ ਗਏ ਜਾਂ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੇ ਜਾਂ ਪ੍ਰਕਾਸ਼ਤ ਕੀਤੇ ਜਾਂ ਇਸ ਰਾਹੀਂ ਪ੍ਰਾਪਤ ਕੀਤੇ ਗਏ ਵਿਚਾਰ ਮੁਕੰਮਲ ਤੌਰ ਤੇ ਲੇਖਕਾਂ ਦੇ ਹਨ ਅਤੇ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਜਾਂ ਕਨੇਡਾ ਦੀ ਪਬਲਿਕ ਹੈਲਥ ਏਜੰਸੀ ਦੀਆਂ ਪਾਲਸੀਆਂ ਅਤੇ ਰਾਵਾਂ ਦੀ ਪ੍ਰਤੀਨਿੱਧਤਾ ਨਹੀਂ ਕਰਦੇ।

Copyright: This Fact Sheet is made available through a collaboration between Alliance for South Asian AIDS Prevention (ASAAP), Asian Community AIDS Services (ACAS) and the Canadian AIDS Treatment Information Exhange (CATIE). Original content developed by ACAS, 2001. Translation into Punjabi and Tamil by ASAAP, 2006.

This information is also available in Chinese, Tagalog and Vietnamese www.acas.org

Funding has been provided by the Public Health Agency of Canada

Supported by an unrestricted educational grant from GlaxoSmithKline in partnership with Shire BioChem